ੴ ਸਤਿਗੁਰ ਪ੍ਰਸਾਦਿ ॥

# ਸਰਦਾਰ ਭਗਤ ਸਿੰਘ

## ਅੰਗ੍ਰੇਜ਼ੀ ਕਾਲ ਵਿਚ ਸਿੱਖਾਂ ਦਾ ਅਜ਼ਾਦੀ ਲਈ ਘੋਲ

### ਮੁੱਖ ਟੀਚਾ

ਸਿਰਫ ਯੁਵਾ ਪੀੜੀ ਨੂੰ ਦੇਸ਼ ਅਜ਼ਾਦ ਕਰਾਉਂਣ ਲਈ ਸਿੱਖਾਂ ਦੁਆਰਾ ਕੀਤਾ ਗਿਆ ਸੰਗ੍ਰਸ਼ ਦਾ ਬੋੱਧ ਕਰਾਣਾਂ ਹੀ ਹੈ।

ਪ੍ਰਕਾਸ਼ਕ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟਰਸਟ, ਚੰਡੀਗੜ੍ਹ

Type Setting : Radheshyam Choudhary

Mob.: 098149-66882

Download Free

# ਸਰਦਾਰ ਭਗਤ ਸਿੰਘ

ਪੰਜਾਬ ਦੇ ਵਖ ਵਖ ਇਲਾਕਿਆਂ ਵਿਚ ਤੁਲਨਾ ਕੀਤਿਆਂ ਹਰ ਕੋਈ ਸਹਿਜੇ ਹੀ ਇਸ ਨਤੀਜੇ ਤੇ ਅੱਪੜ ਜਾਂਦਾ ਹੈ ਕਿ ਵੀਹਵੀਂ ਸਦੀ ਵਿਚ ਜਿਤਨੇ ਇਨਕਲਾਬੀ ਦੁਆਬੇ ਦੀ ਧਰਤੀ ਵਿਚ ਪੈਦਾ ਹੋਏ, ਉਤਨੇ ਹੋਰ ਕਿਸੇ ਇਲਾਕੇ ਵਿਚੋਂ ਨਹੀਂ ਹੋਏ। ਬਾਰ ਦੇ ਕਿਸਾਨ ਅੰਦੋਲਨ ਵਿਚ ਦੁਆਬੀਏ ਮੋਹਰੀ ਬਣ ਕੇ ਲੜੇ। ਫੇਰ ਕੈਨੇਡਾ ਤੇ ਅਮਰੀਕਾ ਬੈਠ ਕੇ ਜਿਨ੍ਹਾਂ ਗ਼ਦਰੀਆਂ ਨੇ ਇਨਕਲਾਬ ਦੀ ਵਿਉਂਤ ਬਣਾਈ ਤੇ ਦੇਸ਼ ਪਰਤ ਕੇ ਬਹੁਤ ਵੱਡੀਆਂ ਕੁਰਬਾਨੀਆਂ ਕੀਤੀਆਂ ਉਹਨਾਂ ਵਿਚ ਵੀ ਚੋਖੀ ਗਿਣਤੀ ਦੁਆਬੀਆਂ ਦੀ ਸੀ। ਬੱਬਰ ਅਕਾਲੀ ਲਹਿਰ ਤਾਂ ਸਮੁੱਚੇ ਤੌਰ ਤੇ ਦੁਆਬੇ ਵਿਚੋਂ ਉਠੀ ਤੇ ਉਸ ਦੀਆਂ ਸਰਗਰਮੀਆਂ ਦਾ ਕੇਂਦਰ ਵੀ ਇਹੀ ਇਲਾਕਾ ਰਿਹਾ। ਇਸੇ ਦੁਆਬੇ ਦੇ ਇਕ ਪ੍ਰਸਿੱਧ ਦੇਸ਼ ਭਗਤ ਸਿੱਖ ਘਰਾਣੇ ਵਿਚ ਸਰਦਾਰ ਭਗਤ ਸਿੰਘ ਦਾ ਜਨਮ ਹੋਇਆ ਤੇ ਉਸ ਨੇ ਦੇਸ਼ ਤੋਂ ਆਪਾ ਵਾਰ ਕੇ ਸ਼ਹੀਦਾਂ ਦੀ ਲੜੀ ਵਿਚ ਆਪਣੀ ਮਹੱਤਵਪੂਰਨ ਥਾਂ ਬਣਾ ਲਈ।

ਸਰਦਾਰ ਭਗਤ ਸਿੰਘ ਦੇ ਮਾਪੇ ਖਟਕੜ ਕਲਾਂ ਜ਼ਿਲ੍ਹਾ ਜਲੰਧਰ ਦੇ ਰਹਿਣ ਵਾਲੇ ਸਨ। ਆਪ ਦਾ ਚਾਚਾ ਅਜੀਤ ਸਿੰਘ ਬੜੇ ਇਨਕਲਾਬੀ ਖ਼ਿਆਲਾਂ ਦਾ ਤੇ ਉੱਘਾ ਲੋਕ-ਸੇਵਕ ਸੀ। ਉਹਨਾਂ ਨੇ 1906 ਵਿਚ ਬਾਰ ਦੇ ਕਿਸਾਨਾਂ ਦੇ ਅੰਦੋਲਨ ਸਮੇਂ ਅਗਵਾਈ ਕੀਤੀ ਜਿਸ ਕਾਰਨ 9 ਮਈ 1907 ਨੂੰ ਲਾਲਾ ਲਾਜਪਤ ਰਾਏ ਤੇ ਸਰਦਾਰ ਅਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਮਾਂਡਲੇ ਜੇਲ੍ਹ ਵਿਚ ਭੇਜ ਦਿਤਾ ਗਿਆ। ਸ਼ਹੀਦ ਭਗਤ ਸਿੰਘ ਦੇ ਪਿਤਾ ਸਰਦਾਰ ਕਿਸ਼ਨ ਸਿੰਘ ਆਰੀਆ ਸਮਾਜ ਲਹਿਰ ਦੇ ਉੱਘੇ ਵਰਕਰ ਸਨ। ਉਹਨਾਂ ਨੇ ਆਪਣੇ ਭਰਾ ਦੀ ਗ੍ਰਿਫ਼ਤਾਰੀ। ਪਿਛੋਂ ਸਰਗਰਮੀ ਨਾਲ ਕੰਮ ਸ਼ੁਰੂਕਰ ਦਿਤਾ ਜਿਸ ਕਾਰਨ ਉਹਨਾਂ ਦੀ ਗ੍ਰਿਫ਼ਤਾਰੀ ਦੇ ਵਾਰੰਟ ਜਾਰੀ ਹੋ ਗਏ। ਸਰਦਾਰ ਕਿਸ਼ਨ ਸਿੰਘ ਦੌੜ ਕੇ ਨਿਪਾਲ ਚਲੇ ਗਏ। ਮਹਾਰਾਜ ਨਿਪਾਲ ਨੇ ਉਹਨਾਂ ਦਾ ਸ਼ਾਹੀ ਸਵਾਗਤ ਕੀਤਾ। ਜਦੋਂ ਅੰਗਰੇਜ਼ ਸਰਕਾਰ ਨੇ ਜ਼ੋਰ ਪਾਇਆ ਤਾਂ ਸ: ਕਿਸ਼ਨ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਅੰਗਰੇਜ਼ ਸਰਕਾਰ ਦੇ ਹਵਾਲੇ ਕਰ ਦਿਤਾ। ਤੀਜੇ ਭਰਾ ਸ: ਸਵਰਨ ਸਿੰਘ ਨੂੰ ਵੀ ਗ੍ਰਿਫ਼ਤਾਰੀ ਕਰ ਕੇ ਲਾਹੌਰ ਜੇਲ੍ਹ ਵਿਚ ਡੱਕ ਦਿਤਾ।

ਸ: ਭਗਤ ਸਿੰਘ ਦੀ ਮਾਤਾ ਲਾਇਲਪੁਰ ਦੇ ਚੱਕ ਨੰਬਰ 105 ਵਿਚ ਚਲੀ ਗਈ ਜਦੋਂ ਕਿ 1908 ਵਿਚ ਉਥੇ ਹੀ ਭਗਤ ਸਿੰਘ ਦਾ ਜਨਮ ਹੋਇਆ। ਇਸ ਬਾਲਕ ਦੇ ਜਨਮ ਤੋਂ ਥੋੜ੍ਹੇ ਦਿਨ ਪਿਛੋਂ

ਪਿਤਾ ਸ: ਕਿਸ਼ਨ ਸਿੰਘ ਤੇ ਦੋਵੇਂ ਚਾਚੇ ਰਿਹਾ ਹੋ ਕੇ ਘਰ ਆ ਗਏ। ਸਾਰਿਆਂ ਨੇ ਇਸ ਨਵੇਂ ਜੰਮੇ ਬੱਚੇ ਨੂੰ ਭਾਗਾਂ ਵਾਲਾ ਕਿਹਾ ਤੇ ਇਸੇ ਕਾਰਨ ਹੀ ਦਾਦੀ ਨੇ ਲਾਡ ਨਾਲ ਭਗਤ ਸਿੰਘ ਨਾਮ ਰਖ ਦਿਤਾ।

ਜਦ ਭਗਤ ਸਿੰਘ ਪੜ੍ਹਨੇ ਪੈਣ ਦੀ ਉਮਰ ਦਾ ਹੋਇਆ ਤਾਂ ਆਪਣੇ ਦਾਦਾ ਸ: ਅਰਜਨ ਸਿੰਘ ਪਾਸ ਪਿੰਡ ਖਟਕੜ ਕਲਾਂ ਜ਼ਿਲ੍ਹਾ ਜਲੰਧਰ ਵਿਚ ਆ ਗਿਆ। ਏਥੇ ਨੇੜੇ ਬੰਗਾ ਵਿਚ ਇਕ ਛੋਟਾ ਜਿਹਾ ਸਕੂਲ ਸੀ ਉਥੇ ਪੜ੍ਹਨੇ ਪਾ ਦਿਤਾ ਗਿਆ। 1914-15 ਵਿਚ ਜਦੋਂ ਅਜੇ ਭਗਤ ਸਿੰਘ ਪ੍ਰਾਇਮਰੀ ਵਿਚ ਪੜ੍ਹਦਾ ਸੀ, ਕੈਨੇਡਾ ਤੋਂ ਆ ਕੇ ਗ਼ਦਰੀ ਬਾਬਿਆਂ ਨੇ ਇਨਕਲਾਬ ਲਿਆਉਣ ਦਾ ਅਸਫ਼ਲ ਯਤਨ ਕੀਤਾ। ਇਸ ਤੋਂ ਪਹਿਲਾਂ ਕਾਮਾਗਾਂਟਾਮਾਰੂਜਹਾਜ਼ ਦਾ ਸਾਕਾ ਹੋਇਆ ਤੇ ਉਸ ਦੀਆਂ ਗੱਲਾਂ ਵੀ ਸਕੂਲ ਵਿਚ ਭਗਤ ਸਿੰਘ ਨੇ ਸੁਣੀਆਂ । ਕਰਤਾਰ ਸਿੰਘ ਸਰਾਭਾ ਦੀਆਂ ਇਨਕਲਾਬੀ ਸਰਗਰਮੀਆਂ ਅਤੇ ਫਾਂਸੀ ਚੜ੍ਹਨ ਦੀ ਘਟਨਾ ਨੇ ਭਗਤ ਸਿੰਘ ਦੇ ਮਨ ਉਤੇ ਡੂੰਘੀ ਛਾਪ ਲਾਈ।

ਭਗਤ ਸਿੰਘ ਦਾ ਪਰਿਵਾਰ ਪਿੰਡ ਛੱਡ ਕੇ ਲਾਹੌਰ ਆ ਗਿਆ ਤਾਂ ਭਗਤ ਸਿੰਘ ਨੇ ਵੀ ਲਾਹੌਰ ਵਿਚ ਹੀ ਅਗੋਂ ਪੜ੍ਹਾਈ ਜਾਰੀ ਰਖੀ। ਜਦ ਲਾਹੌਰ ਵਿਚ ਨੈਸ਼ਨਲ ਕਾਲਜ ਖੁਲ੍ਹਿਆ ਤਾਂ ਭਗਤ ਸਿੰਘ ਡੀ.ਏ.ਵੀ. ਕਾਲਜ ਛੱਡ ਕੇ ਪਰਿਵਾਰ ਦੀਆਂ ਦੇਸ਼ ਭਗਤ ਰੁਚੀਆਂ ਦੇ ਕਾਰਨ ਨਵੇਂ ਕਾਲਜ ਵਿਚ ਆ ਗਿਆ। ਉਨ੍ਹਾਂ ਦਿਨਾਂ ਵਿਚ ਨੈਸ਼ਨਲ ਕਾਜਲ ਦੇ ਪ੍ਰਿੰਸੀਪਲ ਲਾਲਾ ਛਬੀਲ ਦਾਸ ਸਨ, ਜਿਨ੍ਹਾਂ ਨੇ ਵਿਦਿਆਰਥੀਆਂ ਵਿਚ ਦੇਸ਼ ਭਗਤੀ ਤੇ ਅਗਾਂਹ-ਵਧੂਰੁਚੀਆਂ ਦਾ ਪ੍ਰਚਾਰ ਕੀਤਾ। ਇਸ ਕਾਲਜ ਨੇ ਉਸ ਸਮੇਂ ਵਿਚ ਬੜੇ ਵਿਦਿਆਰਥੀਆਂ ਨੂੰ ਦੇਸ਼ ਭਗਤ ਲਹਿਰਾਂ ਵਿਚ ਹਿੱਸਾ ਲੈਣ ਲਈ ਤਿਆਰ ਕੀਤਾ।

1923 ਵਿਚ ਭਗਤ ਸਿੰਘ ਨੇ ਬੀ.ਏ. ਪਾਸ ਕੀਤਾ। ਇਕ ਪਾਸੇ ਅਕਾਲੀ ਲਹਿਰ ਜ਼ੋਰਾਂ 'ਤੇ ਸੀ, ਦੂਜੇ ਪਾਸੇ ਸ਼ਾਤਮਈ ਛੱਡ ਕੇ ਬੱਬਰ ਅਕਾਲੀ ਖ਼ੂਨ ਦਾ ਬਦਲਾ ਖ਼ੂਨ ਨਾਲ ਲੈਣ ਲਈ ਮੈਦਾਨ ਵਿਚ ਨਿੱਤਰੇ ਹੋਏ ਸਨ। ਬੱਬਰ ਅਕਾਲੀਆਂ ਦੀਆਂ ਕੁਰਬਾਨੀਆਂ ਨੇ ਭਗਤ ਸਿੰਘ ਨੂੰ ਏਨਾ ਪ੍ਰਭਾਵਤ ਕੀਤਾ ਕਿ ਉਹ ਵੀ ਮਾਤ-ਭੂਮੀ ਦੀ ਆਜ਼ਾਦੀ ਲਈ ਕੁਝ ਕਰਨ ਲਈ ਨਿੱਤਰ ਪਿਆ। ਇਨ੍ਹਾਂ ਦਿਨਾਂ ਵਿਚ ਮਾਪਿਆਂ ਨੇ ਭਗਤ ਸਿੰਘ ਦਾ ਵਿਆਹ ਕਰਨਾ ਚਾਹਿਆ ਪਰ ਉਸ ਨੇ ਗ੍ਰਿਹਸਥੀ ਜੀਵਨ ਵਿਚ ਫਸਣ ਤੋਂ ਇਨਕਾਰ ਕਰ ਦਿਤਾ। ਇਸ ਦੇ ਨਾਲ ਹੀ ਉਹ ਘਰੋਂ ਤੁਰ ਗਿਆ ਤੇ ਉਸ ਨੇ ਕਾਨ੍ਹਪੁਰ ਜਾ ਕੇ

ਹਿੰਦੀ ਅਖ਼ਬਾਰ 'ਪਰਤਾਪ' ਵਿਚ ਪੱਤਰਕਾਰ ਦੇ ਰੂਪ ਵਿਚ ਕੰਮ ਕਰਨਾ ਸ਼ੁਰੂਕਰ ਦਿਤਾ। ਇਹ ਅਖ਼ਬਾਰ ਸ਼੍ਰੀ ਗਣੇਸ਼ ਸ਼ੰਕਰ ਵਿਦਿਆਰਥੀ ਦਾ ਸੀ। ਸ਼੍ਰੀ ਵਿਦਿਆਰਥੀ ਗਰਮ ਧੜੇ ਦੇ ਕਾਂਗਰਸੀਆਂ ਵਿਚੋਂ ਸਨ। ਇਹਨਾਂ ਦੀ ਸੰਗਤ ਵਿਚ ਆ ਕੇ ਭਗਤ ਸਿੰਘ ਉਤੇ ਦੇਸ਼ ਭਗਤੀ ਦਾ ਹੋਰ ਵੀ ਗੂੜ੍ਹਾ ਰੰਗ ਚੜ੍ਹ ਗਿਆ। ਕਾਨ੍ਹਪੁਰ ਵਿਚ ਭਗਤ ਸਿੰਘ ਨੇ ਆਪਣਾ ਨਾਂ ਬਲਵੰਤ ਰਖ ਲਿਆ। ਇਥੇ ਹੀ ਭਗਤ ਸਿੰਘ ਦੀ ਸ੍ਰੀ ਦੱਤ ਨਾਲ ਮੁਲਾਕਾਤ ਹੋਈ ਜੋ ਪਿਛੋਂ ਭਗਤ ਸਿੰਘ ਦਾ ਬੜਾ ਨਿਕਟਵਰਤੀ ਸਾਥੀ ਬਣ ਗਿਆ।

ਇਹਨਾਂ ਦਿਨਾਂ ਵਿਚ ਹੀ ਭਾਰਤ ਦੇ ਗਰਮ-ਖ਼ਿਆਲੀਏ ਨੌਜਵਾਨਾਂ ਨੇ ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕ ਐਸੋਸੀਏਸ਼ਨ ਬਣਾਈ। ਇਸ ਤੋਂ ਪਹਿਲਾਂ ਹਿੰਦੁਸਤਾਨ ਰੀਪਬਲਿਕ ਆਰਮੀ ਬਣੀ। ਇਕ ਹੋਰ ਜਥੇਬੰਦੀ ਨੌਜਵਾਨ ਭਾਰਤ ਸਭਾ ਕਾਇਮ ਹੋਈ। ਭਗਤ ਸਿੰਘ ਇਹਨਾਂ ਸਾਰੀਆਂ ਗਰਮ-ਖ਼ਿਆਲੀਆਂ ਦੀਆਂ ਜਥੇਬੰਦੀਆਂ ਦਾ ਮੁਖੀ ਸੀ। ਜਥੇਬੰਦੀ ਦਾ ਨਾਂ ਰਖਣ ਸਮੇਂ ਮੀਟਿੰਗ ਵਿਚ ਭਗਤ ਸਿੰਘ ਨੇ ਪਾਰਟੀ ਦੇ ਨਾਂ ਵਿਚ ਜ਼ੋਰ ਦੇ ਕੇ ਸੋਸ਼ਲਿਸਟ ਸ਼ਬਦ ਲਿਖਵਾਇਆ । ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਕੁਝ ਸਾਲ ਪਹਿਲਾਂ 1918 ਵਿਚ ਰੂਸ ਵਿਚ ਜਿਹੜਾ ਇਨਕਲਾਬ ਆਇਆ ਸੀ, ਭਗਤ ਸਿੰਘ ਉਸ ਇਨਕਲਾਬ ਤੋਂ ਵੀ ਬੜਾ ਪ੍ਰਭਾਵਤ ਹੋਇਆ ਸੀ।

ਇਹਨਾਂ ਇਨਕਲਾਬੀਆਂ ਨੇ ਗੁਪਤ ਸਰਗਰਮੀਆਂ ਲਈ ਪੈਸੇ ਇਕੱਠੇ ਕਰਨੇ ਸ਼ੁਰੂਕੀਤੇ। ਹਥਿਆਰ ਖ਼ਰੀਦਣ ਲਈ ਲੋੜੀਂਦੀ ਮਾਇਆ ਪ੍ਰਾਪਤ ਕਰਨ ਲਈ ਡਾਕੇ ਮਾਰਨ ਦੀ ਵਿਉਂਤ ਬਣਾਈ ਗਈ। ਉਤਰ ਪ੍ਰਦੇਸ਼ ਵਿਚ ਕਾਕੋਰੀ ਦੇ ਅਸਥਾਨ ਤੇ ਰੇਲ-ਗੱਡੀ ਰੋਕ ਕੇ ਸਰਕਾਰੀ ਖ਼ਜ਼ਾਨੇ ਤੇ ਡਾਕਾ ਮਾਰਿਆ ਗਿਆ। ਇਸ ਕੇਸ ਵਿਚ ਚਾਰ ਦੇਸ਼ ਭਗਤਾਂ ਨੂੰ ਫਾਂਸੀ ਲਾਈ ਗਈ। ਇਹਨਾਂ ਦੇਸ਼ ਭਗਤਾਂ ਦੀ ਕੁਰਬਾਨੀ ਦਾ ਭਗਤ ਸਿੰਘ ਤੇ ਮਨ ਤੇ ਬਹੁਤ ਡੂੰਘਾ ਅਸਰ ਹੋਇਆ। ਇਹਨਾਂ ਦੇ ਫਾਂਸੀ ਲਗਣ ਤੋਂ ਪਹਿਲਾਂ ਭਗਤ ਸਿੰਘ ਨੇ ਸੁਖਦੇਵ ਤੇ ਭਗਵਤੀ ਚਰਨ ਨਾਲ ਮਿਲ ਕੇ ਇਹਨਾਂ ਦੇਸ਼ ਭਗਤਾਂ ਨੂੰ ਛੁਡਾਉਣ ਦਾ ਯਤਨ ਵੀ ਕੀਤਾ ਪਰ ਸਫ਼ਲਤਾ ਨਾ ਹੋਈ। ਅਕਤੂਬਰ 1927 ਵਿਚ ਕਾਨ੍ਹਪੁਰ ਵਿਚ ਇਕ ਬੰਬ ਫਟ ਗਿਆ ਤੇ ਪੁਲਸ ਨੇ ਭਗਤ ਸਿੰਘ ਨੂੰ ਵੀ ਇਸ ਦੋਸ਼ ਵਿਚ ਫੜ ਲਿਆ। ਇਹ ਬੰਬ ਦੇਸ਼ ਭਗਤਾਂ ਨੇ ਨਹੀਂ ਸੀ ਚਲਾਇਆ, ਇਸ ਲਈ ਕੇਸ ਸਾਬਤ ਨਾ ਹੋ ਸਕਿਆ ਤੇ ਭਗਤ ਸਿੰਘ ਨੂੰ ਰਿਹਾਅ ਕਰ ਦਿਤਾ ਗਿਆ।

1927 ਵਿਚ ਨੌਜਵਾਨ ਭਾਰਤ ਸਭਾ ਬਹੁਤ ਸਰਗਰਮ ਹੋ ਗਈ । ਲਾਲਾ ਕਿਦਾਰ ਨਾਥ ਸਹਿਗਲ, ਸੋਹਨ ਸਿੰਘ ਜੋਸ਼, ਅਰਜਨ ਸਿੰਘ ਗੜਗੱਜ ਤੇ ਭਗਤ ਸਿੰਘ ਇਸ ਦੇ ਸਰਗਰਮ ਮੁਖੀਏ ਸਨ। ਇਹਨਾਂ ਨੇ ਖੁਲ੍ਹੇ ਤੌਰ ਤੇ ਹਿੰਸਾ ਦਾ ਪ੍ਰਚਾਰ ਕਰਨਾ ਸ਼ੁਰੂਕਰ ਦਿਤਾ। ਭਗਤ ਸਿੰਘ ਉਦੋਂ ਵੀਹਾਂ ਸਾਲਾਂ ਦਾ ਭਰ ਜਵਾਨ ਗੱਭਰੂਸੀ। ਉਸ ਨੇ ਇਕ ਮੈਜਿਕ ਲਾਲਟੈਨ ਲੈ ਲਈ ਤੇ ਥਾਂ ਥਾਂ ਲੋਕਾਂ ਨੂੰ ਸ਼ਹੀਦਾਂ ਦੀਆਂ ਫੋਟੋਆਂ ਦਿਖਾਉਂਦਾ ਤੇ ਉਹਨਾਂ ਦੀਆਂ ਜੀਵਨ ਘਾਲਣਾਂ ਬਿਆਨ ਕਰਦਾ ਰਿਹਾ। ਇਉਂ ਲੋਕਾਂ ਨੂੰ ਦੇਸ਼ ਦਾ ਖ਼ਾਤਰ ਕੁਝ ਕਰਨ ਲਈ ਪ੍ਰੇਰਨਾ ਦੇਣ ਦਾ ਕੰਮ ਜਾਰੀ ਰਖਿਆ।

ਭਗਤ ਸਿੰਘ ਦੀਆਂ ਸਰਗਰਮੀਆਂ ਪੰਜਾਬ ਤੇ ਯੂ.ਪੀ. ਦੋਹਾਂ ਪ੍ਰਾਂਤਾਂ ਵਿਚ ਸਨ। ਯੂ.ਪੀ. ਵਿਚ ਵਿਜੈ ਕੁਮਾਰ ਸਿਨਹਾ ਤੇ ਪੰਜਾਬ ਵਿਚ ਸੁਖਦੇਵ ਤੇ ਭਗਵਤੀ ਚਰਨ ਭਗਤ ਸਿੰਘ ਦੇ ਨਿਕਟਵਰਤੀ ਸਾਥੀ ਸਨ। ਪੰਜਾਬ ਦੇ ਇਨਕਲਾਬੀ ਇਸੇ ਲਹਿਰ ਨੂੰ ਤਕੜਿਆਂ ਕਰਨ ਲਈ ਡਾ. ਗਇਆ ਪ੍ਰਸ਼ਾਦ ਨੂੰ ਪੰਜਾਬ ਲੈ ਆਏ। ਫ਼ੀਰੋਜ਼ਪੁਰ ਦਵਾਈਆਂ ਦੀ ਦੁਕਾਨ ਖੋਲ੍ਹ ਲਈ। ਇਕ ਤਾਂ ਇਹ ਦੁਕਾਨ ਪਾਰਟੀ ਲਈ ਆਮਦਨ ਦਾ ਵਸੀਲਾ ਬਣ ਗਈ ਤੇ ਦੂਜਾ ਬੰਬ ਬਣਾਉਣ ਲਈ ਸਾਮਾਨ ਮਿਲਣ ਲਗ ਪਿਆ।

ਸਾਰੇ ਭਾਰਤ ਵਿਚ ਥਾਂ-ਥਾਂ ਇਨਕਲਾਬੀ ਸਰਗਰਮ ਸਨ । 9 ਸਤੰਬਰ 1928 ਨੂੰ ਦੇਸ਼ ਭਰ ਦੇ ਇਨਕਲਾਬੀਆਂ ਦੀ ਦਿੱਲੀ ਵਿਚ ਇਕ ਗੁਪਤ ਮੀਟਿੰਗ ਹੋਈ ਜਿਸ ਵਿਚ ਸਾਰੇ ਇਨਕਲਾਬੀ ਧੜਿਆਂ ਨੂੰ ਇਕ ਲੜੀ ਵਿਚ ਪ੍ਰੋ ਕੇ ਇਕੱਠੇ ਕੰਮ ਕਰਨ ਦਾ ਫ਼ੈਸਲਾ ਹੋਇਆ। ਜੋ ਕੇਂਦਰੀ ਸਾਂਝੀ ਕੌਂਸਲ ਚੁਣੀ ਗਈ, ਉਸ ਵਿਚ ਪੰਜਾਬ ਵਲੋਂ ਭਗਤ ਸਿੰਘ ਨੂੰ ਲਿਆ ਗਿਆ। ਇਥੇ ਹੀ ਫ਼ੈਸਲਾ ਕੀਤਾ ਗਿਆ ਕਿ ਕੇਂਦਰੀ ਕਮੇਟੀ ਦੀ ਪ੍ਰਵਾਨਗੀ ਬਿਨਾਂ ਕੋਈ ਡਾਕਾ ਨਹੀਂ ਮਾਰਿਆ ਜਾਏਗਾ ਤੇ ਕੋਈ ਕਤਲ ਨਹੀਂ ਕੀਤਾ ਜਾਏਗਾ।

ਪਹਿਲੀ ਮੀਟਿੰਗ ਵਿਚ ਹੀ ਫ਼ੈਸਲਾ ਹੋਇਆ ਕਿ ਸਾਈਮਨ ਕਮਿਸ਼ਨ ਦੇ ਮੈਂਬਰਾਂ ਨੂੰ ਖ਼ਤਮ ਕਰਨ ਦੀ ਕਾਰਵਾਈ ਕੀਤੀ ਜਾਏ। ਇਹ ਕਮਿਸ਼ਨ 30 ਅਕਤੂਬਰ 1928 ਨੂੰ ਲਾਹੌਰ ਆਇਆ। ਸਰਕਾਰ ਨੇ ਕਮਿਸ਼ਨ ਵਿਰੁੱਧ ਵਿਖਾਵੇ ਰੋਕਣ ਲਈ ਦਫ਼ਾ 144 ਲਾ ਦਿਤੀ । ਲੋਕਾਂ ਨੇ ਲਾਲਾ ਲਾਜਪਤ ਰਾਏ ਦੀ ਅਗਵਾਈ ਹੇਠ ਸਰਕਾਰੀ ਪਾਬੰਦੀਆਂ ਤੋੜ ਕੇ ਜਲੂਸ ਕਢਿਆ। ਇਸ ਸਮੇਂ ਭਗਤ ਸਿੰਘ ਲਾਲਾ ਲਾਜਪਤ ਰਾਏ ਦੇ ਨਾਲ ਸੀ। ਇਕ ਅੰਗਰੇਜ਼ ਪੁਲਸ ਅਫ਼ਸਰ ਸਾਂਡਰਸ ਨੇ ਆਪ ਡਾਂਗ ਲੈ ਕੇ ਦੇਸ਼

ਭਗਤਾਂ ਨੂੰ ਕੁੱਟਿਆ । ਲਾਲਾ ਲਾਜਪਤ ਰਾਏ ਇਸੇ ਦੀ ਡਾਂਗ ਨਾਲ ਫੱਟੜ ਹੋ ਕੇ ਕੁਝ ਦਿਨ ਪਿਛੋਂ ਚਲਾਣਾ ਕਰ ਗਏ।

ਇਸ ਲਾਠੀ ਚਾਰਜ ਪਿਛੋਂ ਭਗਤ ਸਿੰਘ ਤੇ ਉਹਦੇ ਸਾਥੀਆਂ ਨੇ ਸਾਂਡਰਸ ਨੂੰ ਕਤਲ ਕਰਨਾ ਦਾ ਫ਼ੈਸਲਾ ਕਰ ਲਿਆ। ਇਸ ਕੰਮ ਲਈ ਭਗਤ ਸਿੰਘ, ਚੰਦਰ ਸ਼ੇਖਰ ਆਜ਼ਾਦ ਤੇ ਰਾਜਗੁਰੂਦੀ ਡਿਊਟੀ ਲਗੀ। ਤਿੰਨੇ ਪਸਤੌਲ ਭਰ ਕੇ ਪੁਲਸ ਦਫ਼ਤਰ ਦੇ ਨੇੜੇ ਪਹੁੰਚ ਗਏ। ਜਦ ਸਾਂਡਰਸ ਮੋਟਰ ਸਾਈਕਲ ਤੇ ਚੜ੍ਹ ਕੇ ਤੁਰਨ ਲੱਗਾ ਤਾਂ ਰਾਜਗੁਰੂਨੇ ਉਹਨੂੰ ਪਹਿਲੀ ਗੋਲੀ ਮਾਰੀ। ਦੂਜੀ ਗੋਲੀ ਭਗਤ ਸਿੰਘ ਨੇ ਮਾਰ ਕੇ ਸਾਂਡਰਸ ਨੂੰ ਠੰਢਾ ਕਰ ਦਿਤਾ। ਸਾਂਡਰਸ ਦਾ ਗੀਡਰ ਚੰਨਣ ਸਿੰਘ ਇਹਨਾਂ ਇਨਕਲਾਬੀਆਂ ਨੂੰ ਫੜਨ ਲਈ ਪਿਛੇ ਭੱਜਾ। ਭਗਤ ਸਿੰਘ ਨੂੰਮਜਬੂਰੀ ਦੀ ਹਾਲਤ ਵਿਚ ਉਹਨੂੰ ਵੀ ਗੋਲੀ ਮਾਰਨੀ ਪਈ। ਪੁਲਸ ਨੂੰ ਭਗਤ ਸਿੰਘ ਤੇ ਪੂਰਾ ਸ਼ੱਕ ਸੀ, ਇਸ ਲਈ ਸਰਗਰਮੀ ਨਾਲ ਇਸ ਦੀ ਦੇਖ-ਭਾਲ ਹੋਂਦ ਲਗੀ।

ਗੁਪਤਵਾਸ ਰਹਿਣ ਲਈ ਭਗਤ ਸਿੰਘ ਨੇ ਆਪਣੇ ਕੇਸ ਕਟਾ ਦਿਤੇ। ਪਿਛੋਂ ਉਸ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ ਤੇ ਜੇਲ੍ਹ ਵਿਚ ਉਸ ਨੇ ਫਿਰ ਕੇਸ ਰਖ ਲਏ। ਭਾਈ ਰਣਧੀਰ ਸਿੰਘ ਨਾਲ ਜੇਲ੍ਹ ਵਿਚ ਗੱਲ-ਬਾਤ ਕਰਦਿਆਂ ਭਗਤ ਸਿੰਘ ਨੇ ਚੋਖੇ ਦੁਖ ਨਾਲ ਮੰਨਿਆ ਕਿ ਭਾਵੇਂ ਕੁਝ ਹੋ ਜਾਂਦਾ, ਉਸ ਨੂੰ ਕੇਸ ਨਹੀਂ ਸਨ ਕਟਾਉਣੇ ਚਾਹੀਦੇ।

ਭਗਤ ਸਿੰਘ ਲਾਹੌਰ ਤੋਂ ਨੱਸ ਕੇ ਦਿੱਲੀ ਪਹੁੰਚ ਗਿਆ। ਇਥੇ ਸਾਈਮਨ ਕਮਿਸ਼ਨ ਤੇ ਬੰਬ ਮਾਰਨ ਦੀ ਥਾਂ ਪਾਰਟੀ ਨੇ ਅਸੈਂਬਲੀ ਵਿਚ ਬੰਬ ਸੁਟਣ ਦਾ ਫ਼ੈਸਲਾ ਕਰ ਦਿਤਾ। ਅਜਿਹੇ ਬੰਬ ਤਿਆਰ ਕੀਤੇ ਗਏ, ਜਿਨ੍ਹਾਂ ਦੇ ਫਟਣ ਨਾਲ ਖੜਾਕ ਤਾਂ ਬਹੁਤ ਹੋਵੇ ਪਰ ਜਾਨੀ ਨੁਕਸਾਨ ਨਾ ਕਰਨ। ਪਾਰਟੀ ਨੇ ਇਹ ਵੀ ਰਾਏ ਦਿੱਤੀ ਕਿ ਭਗਤ ਸਿੰਘ ਅਤੇ ਬੀ. ਕੇ. ਦੱਤ ਇਹ ਬੰਬ ਮਾਰਨ ਤੇ ਫਿਰ ਉਥੋਂ ਨੱਸ ਜਾਣ। ਭਗਤ ਸਿੰਘ ਨੇ ਇਹ ਤਜਵੀਜ਼ ਪਸੰਦ ਨਾ ਕੀਤੀ ਤੇ ਕਿਹਾ ਕਿ ਅਸੀਂ ਨੱਸਣਾਂ ਪਸੰਦ ਨਹੀਂ ਕਰਾਂਗੇ। ਇਹ ਗੱਲ ਵਧੇਰੇ ਚੰਗੀ ਰਹੇਗੀ ਕਿ ਅਸੀਂ ਗ੍ਰਿਫ਼ਤਾਰ ਹੋਣ ਪਿਛੋਂ ਅਜਿਹੇ ਬਿਆਨ ਦੇਈਏ ਜੋ ਭਗਤ ਵਿਚ ਉਥਲ ਪੁਥਲ ਲਿਆਉਣ ਵਾਲੇ ਸਾਬਤ ਹੋਣ।

ਭਗਤ ਸਿੰਘ ਤੇ ਸ੍ਰੀ ਦੱਤ ਅਸੈਂਬਲੀ ਹਾਲ ਵਿਚ ਪਹੁੰਚ ਗਏ। ਉਹਨਾਂ ਦੋ ਬੰਬ ਸੁਟੇ ਤੇ ਫਿਰ ਨਾਹਰੇ ਮਾਰਨੇ ਸ਼ੁਰੂਕਰ ਦਿਤੇ। ਭਗਤ ਸਿੰਘ ਨੇ ਅੰਗਰੇਜ਼ੀ ਵਿਚ ਟਾਈਪ ਕੀਤੇ ਕੁਝ ਇਸ਼ਤਿਹਾਰ ਸੁਟੇ ਤੇ ਪਸਤੌਲ ਨਾਲ ਹਵਾ ਵਿਚ ਕੁਝ ਫਾਇਰ ਕੀਤੇ। ਉਹ ਬੰਬ ਸੁਟ ਕੇ ਆਸਾਨੀ ਨਾਲ ਨੱਠ ਸਕਦੇ ਸਨ ਪਰ ਉਹ ਖੜ੍ਹੇ ਹੱਸਦੇ ਰਹੇ ਤੇ ਤੇ ਪੁਲਸ ਨੇ ਉਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਨਕਲਾਬ ਜ਼ਿੰਦਾਬਾਦ ਤੇ ਬਰਤਾਨਵੀ ਸਾਮਰਾਜ ਮੁਰਦਾਬਾਦ ਦੇ ਨਾਹਰੇ ਲਾਂਦੇ ਉਹ ਜੇਲ੍ਹ ਚਲੇ ਗਏ। ਉਹਨਾਂ ਜਿਹੜੇ ਇਸ਼ਤਿਹਾਰ ਵੰਡੇ ਉਹਨਾਂ ਤੇ ਲਿਖਿਆ ਹੋਇਆ ਸੀ ਕਿ ਇਹ ਘਟਨਾ ਕਿਸੇ ਦੀ ਜਾਨ ਲੈਣ ਲਈ ਨਹੀਂ ਸਗੋਂ ਦੇਸ਼ ਵਾਸੀਆਂ ਨੂੰ ਜਗਾਉਣ ਲਈ ਵਰਤਾਈ ਗਈ ਹੈ। ਗ੍ਰਿਫ਼ਤਾਰੀ ਪਿਛੋਂ ਭਗਤ ਸਿੰਘ ਤੇ ਦੱਤ ਨੂੰ ਵੱਖਰਾ ਵੱਖਰਾ ਰਖ ਕੇ ਪੁਲਸ ਨੇ ਸਾਰੀ ਸਾਜ਼ਸ਼ ਤੇ ਜਥੇਬੰਦੀ ਬਾਰੇ ਭੇਦ ਲੱਭਣੇ ਚਾਹੇ ਪਰ ਸਫ਼ਲਤਾ ਨਾ ਹੋਈ।

ਭਗਤ ਸਿੰਘ ਦੇ ਪਿਤਾ ਨੇ ਮੁਕੱਦਮਾ ਲੜਨ ਲਈ ਵਕੀਲ ਕੀਤਾ, ਪਰ ਭਗਤ ਸਿੰਘ ਜੁਰਮ ਮੰਨਣ ਤੋਂ ਇਨਕਾਰੀ ਹੋਣ ਲਈ ਰਾਜ਼ੀ ਨਾ ਹੋਇਆ। ਦਿੱਲੀ ਵਿਚ ਇਹ ਮੁਕੱਦਮਾ ਚਲਿਆ। ਸੈਸ਼ਨ ਜੱਜ ਸਾਹਮਣੇ ਭਗਤ ਸਿੰਘ ਤੇ ਦੱਤ ਨੇ ਇਕ ਸਾਂਝਾ ਲਿਖਤੀ ਬਿਆਨ ਦਿਤਾ ਜਿਸ ਵਿਚ ਕਿਹਾ ਕਿ ਅਸੀਂ ਬੰਬ ਸੁੱਟੇ ਸਨ ਪਰ ਗਵਾਹਾਂ ਨੇ ਜੋ ਗਵਾਹੀਆਂ ਦਿਤੀਆਂ ਹਨ, ਉਸ ਸਭ ਝੂਠੀਆਂ ਹਨ। ਅੰਗਰੇਜ਼ ਰਾਜ ਵਿਰੁੱਧ ਲੋਕਾਂ ਵਿਚ ਉਠ ਰਹੇ ਗੁੱਸੇ ਨੂੰ ਅਸੀਂ ਪ੍ਰਗਟ ਕਰਨ ਆਏ ਸਾਂ। ਇਸ ਤੋਂ ਛੁੱਟ ਕਿਸੇ ਨੂੰ ਮਾਰਨ ਦਾ ਸਾਡਾ ਵਿਚਾਰ ਨਹੀਂ ਸੀ। ਲੋਕ ਲਹਿਰ ਹੁਣ ਇਹੋ ਜਿਹੇ ਪੜਾਅ ਤੇ ਪਹੁੰਚ ਗਈ ਹੈ ਕਿ ਉਸ ਨੂੰ ਅੰਗਰੇਜ਼ ਸਰਕਾਰ ਵੱਡੇ ਤੋਂ ਵੱਡੇ ਜ਼ੁਲਮਾਂ ਨਾਲ ਵੀ ਦਬਾ ਨਹੀਂ ਸਕਦੀ। ਸੈਸ਼ਨ ਜੱਜ ਨੇ ਦੋਹਾਂ ਨੂੰ ਉਮਰ ਕੈਦ ਤੇ ਕਾਲੇ ਪਾਣੀ ਦੀ ਸਜ਼ਾ ਦਿਤੀ।

15 ਅਪ੍ਰੈਲ 1929 ਨੂੰ ਪੁਲਸ ਨੇ ਲਾਹੌਰ ਵਿਚ ਇਕ ਮਕਾਨ ਤੇ ਛਾਪਾ ਮਾਰ ਕੇ ਸੁਖਦੇਵ, ਜੈ ਗੋਪਾਲ ਤੇ ਕਿਸ਼ੋਰੀ ਲਾਲ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਸ ਦੀ ਮਾਰ ਤੋਂ ਡਰ ਕੇ ਜੈ ਗੋਪਾਲ ਨੇ ਇਨਕਲਾਬੀਆਂ ਦੀਆਂ ਬਹੁਤ ਸਾਰੀਆਂ ਗੱਲਾਂ ਦੱਸ ਦਿਤੀਆਂ । ਇਹਨਾਂ ਦੀ ਗ੍ਰਿਫ਼ਤਾਰੀ ਸਮੇਂ ਪੁਲਸ ਨੂੰ ਬਹੁਤ ਸਾਰੇ ਕਾਗ਼ਜ਼-ਪੱਤਰ ਤੇ ਬੰਬ ਬਣਾਉਣ ਦਾ ਮਸਾਲਾ ਮਿਲਿਆ ਸੀ। ਜੈ ਗੋਪਾਲ ਤੇ ਲਾਹੌਰ, ਅਲਾਹਾਬਾਦ, ਕਾਨ੍ਹਪੁਰ ਤੇ ਬਨਾਰਸ ਵਿਚ ਇਨਕਲਾਬੀ ਨੌਜਵਾਨਾਂ ਦੇ ਗੁਪਤ ਅੱਡਿਆ ਤੇ ਛਾਪੇ ਪਏ। 123 ਇਨਕਲਾਬੀ ਗ੍ਰਿਫ਼ਤਾਰ ਕੀਤੇ ਗਏ। ਲਾਹੌਰ ਤੇ ਸਹਾਰਨਪੁਰ ਵਿਚ ਬੰਬ ਬਣਾਉਣ

ਵਾਲੀਆਂ ਦੋਹਾਂ ਫ਼ੈਕਟਰੀਆਂ ਦਾ ਪੁਲਸ ਨੂੰ ਪਤਾ ਲਗ ਗਿਆ। ਇਸ ਤਰ੍ਹਾਂ ਲਾਹੌਰ ਸਾਜ਼ਸ਼ ਕੇਸ ਤਿਆਰ ਹੋ ਗਿਆ।

ਭਗਤ ਸਿੰਘ ਤੇ ਦੱਤ ਨੇ ਦਿੱਲੀ ਜੇਲ੍ਹ ਵਿਚ ਮਾੜੇ ਵਰਤਾਉ ਤੇ ਪਾਬੰਦੀਆਂ ਵਿਰੁੱਧ 15 ਦਿਨ ਭੁੱਖ ਹੜਤਾਲ ਕੀਤੀ। ਪਿਛੋਂ ਭਗਤ ਸਿੰਘ ਨੂੰ ਮੀਆਂ ਵਾਲੀ ਜੇਲ੍ਹ ਤੇ ਦੱਤ ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਭੇਜ ਦਿਤਾ ਗਿਆ। ਰਾਜਸੀ ਕੈਦੀਆਂ ਨਾਲ ਮਾੜੇ ਵਰਤਾਉ ਵਿਰੁੱਧ 15 ਜੂਨ 1929 ਨੂੰਫਿਰ ਭੁੱਖ ਹੜਤਾਲ ਕਰ ਦਿਤੀ। 30 ਜੂਨ ਨੂੰ ਪੰਜਾਬ ਦੇ ਸਾਰੇ ਸ਼ਹਿਰਾਂ ਵਿਚ ਭਗਤ ਸਿੰਘ-ਦੱਤ ਦਿਨ ਮਨਾਇਆ ਗਿਆ ਤੇ ਦੇਸ਼ ਵਿਚ ਸਰਕਾਰ ਵਿਰੁੱਧ ਰੋਸ ਲਹਿਰ ਚਲ ਪਈ। 10 ਜੁਲਾਈ 1929 ਨੂੰ ਲਾਹੌਰ ਸਾਜ਼ਸ ਕੇਸ ਦੀ ਸੁਣਵਾਈ ਸ਼ੁਰੂਹੋਈ। ਭਗਤ ਸਿੰਘ ਨੂੰ ਵੀ ਲਾਹੌਰ ਨੈ ਆਂਦਾ ਗਿਆ। ਇਹ ਭੁੱਖ ਹੜਤਾਲ ਬਹੁਤ ਚਿਰ ਚਲੀ। ਇਸ ਸਮੇਂ ਭਗਤ ਸਿੰਘ ਤੇ ਦੱਤ ਨੂੰ ਸਟਰੇਚਰ ਤੇ ਪਾ ਕੇ ਅਦਾਲਤ ਵਿਚ ਲਿਆਇਆ ਜਾਂਦਾ ਰਿਹਾ। ਇਨ੍ਹਾਂ ਦੇ ਨਾਲ ਹੀ ਜੇਲ੍ਹ ਵਿਚ ਕੈਦ ਹੋਰ ਸਾਰੇ ਇਨਕਲਾਬੀਆਂ ਨੇ ਵੀ ਭੁੱਖ ਹੜਤਾਨ ਕਰ ਦਿਤਾ। ਸ੍ਰੀ ਜਤਿੰਦਰ ਨਾਥ ਦਾਸ 62 ਦਿਨਾਂ ਦੀ ਭੁੱਖ ਹੜਤਾਨ ਪਿਛੋਂ ਸ਼ਹੀਦ ਹੋ ਗਏ। ਪੰਜਾਬ ਤੋਂ ਕਲਕੱਤੇ ਤਕ ਹਰ ਥਾਂ ਲੋਕਾਂ ਨੇ ਦਾਸ ਦੇ ਮ੍ਰਿਤਕ ਸਰੀਰ ਨੂੰ ਸ਼ਰਧਾਂਜਲੀ ਭੇਟ ਕੀਤੀ।

7 ਅਕਤੂਬਰ 1929 ਨੂੰ ਮੁਕੱਦਮੇ ਦਾਹ ਫ਼ੈਸਲਾ ਹੋਇਆ। ਭਗਤ ਸਿੰਘ, ਰਾਜਗੁਰੂਤੇ ਸੁਖਦੇਵ ਨੂੰ ਮੌਤ ਦੀ ਸਜ਼ਾ ਸੁਣਾਈ ਗਈ। 7 ਇਨਕਲਾਬੀਆਂ ਨੂੰ ਕਾਲੇ ਪਾਣੀ ਭੇਜਣ ਦਾ ਹੁਕਮ ਹੋਇਆ ਤੇ ਬਾਕੀਆਂ ਨੂੰ ਲੰਮੇ ਸਮੇਂ ਦੀਆਂ ਸਜ਼ਾਵਾਂ ਹੋਈਆਂ।

23 ਮਾਰਚ 1931 ਨੂੰ ਜਦੋਂ ਕਰਾਚੀ ਵਿਚ ਕਾਂਗਰਸ ਦਾ ਖ਼ਾਸ ਸਮਾਗਮ ਹੋ ਰਿਹਾ ਸੀ, ਸ: ਭਗਤ ਸਿੰਘ ਤੇ ਉਹਨਾਂ ਦੇ ਸਾਥੀ ਰਾਜਗੁਰੂਤੇ ਸੁਖਦੇਵ ਨੂੰ ਫਾਂਸੀ ਤੇ ਲਟਕਾ ਦਿਤਾ ਗਿਆ। ਫਾਂਸੀ ਲਗਾਉਣ ਵੇਲੇ ਜਦ ਇਹਨਾਂ ਨੂੰ ਤਖ਼ਤੇ ਦ ਨੇੜੇ ਲੈ ਕੇ ਗਏ ਤਾਂ ਇਹਨਾਂ ਨੇ ਫਾਂਸੀ ਦੇ ਰੱਸਿਆਂ ਨੂੰ ਉਸੇ ਤਰ੍ਹਾਂ ਚੁੰਮਿਆ, ਜਿਵੇਂ ਕੁਝ ਸਾਲ ਪਹਿਲਾਂ ਕਰਤਾਰ ਸਿੰਘ ਸਰਾਭਾ ਤੇ ਉਸ ਦੇ ਸਾਥੀਆਂ ਨੇ ਚੁੰਮਿਆ ਸੀ। ਫਾਂਸੀ ਦੇ ਤਖ਼ਤੇ 'ਤੇ ਖਲੋ ਕੇ ਭਗਤ ਸਿੰਘ ਨੇ 'ਇਨਕਲਾਬ ਜ਼ਿੰਦਾਬਾਦ' ਦਾ ਨਾਹਰਾ ਲਾਇਆ।

ਸ਼ਹੀਦਾਂ ਦੇ ਮ੍ਰਿਤਕ ਸਰੀਰ ਫਾਂਸੀ ਦੇ ਤਖ਼ਤੇ ਤੋਂ ਲਾਹ ਕੇ ਵਾਰਸਾਂ ਦੇ ਹਵਾਲੇ ਨਾ ਕੀਤੇ ਗਏ, ਸਗੋਂ ਰਾਤ ਦੇ ਹਨੇਰੇ ਵਿਚ ਗੋਰਾ ਫ਼ੌਜ ਉਹਨਾਂ ਨੂੰ ਲੈ ਕੇ ਫ਼ੀਰੋਜ਼ਪੁਰ ਦੇ ਨੇੜੇ ਸਤਲੁਜ ਦੇ ਕੱਢੇ ਤੇ ਪਹੁੰਚੀ ਤੇ ਉਥੇ ਤੇਲਾਂ ਪਾ ਕੇ ਉਹਨਾਂ ਦਾ ਅੰਤਮ ਸਸਕਾਰ ਕਰ ਦਿਤਾ ਗਿਆ।

ਇਥੇ ਹੀ ਬੱਸ ਨਹੀਂ, ਫਿਰ ਅੱਗ ਦੀ ਸਾਰੀ ਸਾਮੱਗਰੀ ਦਰਿਆ ਵਿਚ ਰੋੜ੍ਹ ਦਿਤੀ ਗਈ ਤਾਂਕਿ ਸ਼ਹੀਦਾਂ ਦਾ ਅੰਤਮ ਟਿਕਾਣਾ ਵੀ ਲੋਕਾਂ ਨੂੰ ਪਤਾ ਨਾ ਲਗੇ ਪਰ ਕੌਮ ਨੇ ਇਹਨਾਂ ਬਹਾਦਰ ਸਪੁੱਤਰਾਂ ਦੇ ਉਸ ਅੰਤਮ ਸਸਕਾਰ ਅਸਥਾਨ ਨੂੰ ਲੱਭ ਲਿਆ ਤੇ ਹੁਣ ਉਥੇ ਉਹਨਾਂ ਸ਼ਹੀਦਾਂ ਦੀ ਯਾਦਗਾਰ ਬਣ ਗਈ ਹੈ।

ਸਰਦਾਰ ਭਗਤ ਸਿੰਘ ਸਾਰੇ ਭਾਰਤ ਦੇ ਆਜ਼ਾਦੀ ਲਹਿਰ ਦੇ ਸ਼ਹੀਦਾਂ ਵਿਚੋਂ ਮੁਖੀ ਸਮਝੇ ਜਾਂਦੇ ਹਨ। ਉਹਨਾਂ ਦੇ ਕੇਂਦਰੀ ਅਸੈਂਬਲੀ ਹਾਲ ਵਿਚ ਬੰਬ ਮਾਰਨ ਦੀ ਘਟਨਾ ਨੇ ਸਾਰੇ ਭਾਰਤ ਵਿਚ ਅਜਿਹੀ ਜਾਗਰਤੀ ਲਿਆਂਦੀ ਕਿ ਦੇਸ਼ ਨੂੰ ਆਜ਼ਾਦ ਕਰਾਉਣ ਲਈ ਥਾਂ-ਥਾਂ ਲੋਕੀਂ ਜਥੇਬੰਦ ਹੋਣ ਲਗ ਪਏ। ਖ਼ਾਸ ਕਰਕੇ ਨੌਜਵਾਨ ਸ਼੍ਰੇਣੀ ਨੂੰ ਭਗਤ ਸਿੰਘ ਦੇ ਮਹਾਨ ਜੀਵਨ ਕਾਰਨਾਮਿਆਂ ਦੇ ਦੇਸ਼ ਲਈ ਕੁਝ ਕਰਨ ਦੀ ਬਹੁਤ ਪ੍ਰੇਰਨਾ ਦਿਤੀ।


## ਪ੍ਰਸਤੁਤ ਕਰਤਾ : ਜਸਬੀਰ ਸਿੰਘ

**Ph. : (0172-2696891),**

**Mob. : 099881-60484**

Type Setting : Radheshyam Choudhary

Mob.: 098149-66882

निम्नलिखित वेबसाइट में दस गुरूजनों का सम्पूर्ण जीवन वृत्तांत विस्तृत रूप में अवश्य देखें तथा पढ़ें।

# www.sikhworld.info
# or
# www.sikhhistory.in

E-mail : info@sikhworld.info
&
jasbirsikhworldinfo@gmail.com

ਉਪਰੋਕਤ ਵੈਬ ਸਾਇਟ ਵਿੱਚ ਦਸ ਗੁਰੂਸਾਹਿਬਾਂਨ ਦਾ ਸੰਪੂਰਨ ਜੀਵਨ ਬਿਊਰਾ ਵਿਸਤਾਰ ਸਹਿਤ ਜ਼ਰੂਰ ਦੇਖੋ ਅਤੇ ਪੜੋ ਜੀ।

## ਇਸ ਵੈਬ ਸਾਈਟ ਦੀ ਵਿਸ਼ੇਸ਼ਤਾ

ਇਸ ਵਿਚ ਹੈ ਇਸ ਵਿਸਾਲ ਸਿੱਖ ਸੰਗ੍ਰਹਾਲਯ (**Museum**)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵ੍ਰਿਤਾਤਾਂ ਨਾਲ ਸਮਬੰਦਿਤ ਘਟਨਾ ਕਰਮ ਦੀਆਂ ਤਸਵੀਰਾਂ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤਕ ਕਾਲਪਨਿਕ ਤਸਵੀਰਾਂ ਜੋ ਇਤਿਹਾਸ ਦ੍ਸਾਂਆਉਦੀਆਂ ਹਨ ਅਤੇ ਉਨ੍ਹਾਂ ਹੇਠ ਹਨ ਹਿੰਦੀ, ਪੰਜਾਬੀ ਵਿਚ ਟਿਪਣੀਆਂ (ਫੁਟਨੋਟ) ਜੋਕਿ ਘਟਨਾਂ ਕਰਮ ਅਤੇ ਇਤਿਹਾਸਿਕ ਪਰਸੰਗਾਂ ਦਾ ਵਰਣਨ ਕਰਿਦਿਆਂ ਹਨ।

**ਨੋਟ :-** ਇਹ ਕਮ ਬੰਚਿਆਂ ਦੀ ਰੁਚੀ ਨੂੰ ਮੁਖ ਰਖਦੇ ਕੀਤਾ ਗਿਆ ਹੈ। ਤਾਕਿ ਉਹ ਸਹਿਜੇ ਹੀ ਅਪਣਾ ਇਤਿਹਾਸ ਜਾਣ ਸਕਣ। ਮੈਂਨੂੰ ਉਮਿਦ ਹੈ ਕਿ ਸਿੱਖ ਜਗਤ ਦੇ ਕਿਸ਼ੋਰ ਅਤੇ ਯੁਵਕ ਇਸ ਵਿਧਿ ਤੋਂ ਲਾਭ ਉਠਾਉਣਗੇ। ਕਿਉਂਕਿ ਇਸ ਵਿਧਿ ਵਿਚ ਅੱਧੀ ਗਲ ਤਸਵੀਰਾਂ ਕਹਿੰਦੀਆਂ ਹਨ ਅਤੇ ਅੱਧੀ ਗਲ ਫੁਟ ਨੋਟ। ਇਸ ਤਰ੍ਹਾਂ ਪਠਕਾਂ ਦੇ ਮਨ ਵਿਚ ਅਪਣੇ ਇਤਿਹਾਸ ਨੂੰ ਪੜਨ ਲਈ ਇੱਛਾ ਜਾਗਰਿਤ ਹੋ ਜਾਂਦੀ ਹੈ।

ਹੁਣ ਤੁਸੀ ਇਸ ਤੋਂ ਅਗੇ ਸਤਾਰਵੀਂ, ਅਠਾਹਰਵੀਂ ਅਤੇ ਉਨ੍ਹੰਵੀਂ ਸੱਦੀ ਦੇ ਸ਼ਹੀਦਾਂ ਦੀਆਂ ਤਸਵੀਰਾਂ ਫੁਟ ਨੋਟ ਸਹਿਤ ਵੇਖੋਗੇ। ਇਸ ਦੇ ਨਾਲ ਹੀ ਸਿੱਖ ਮਾਹਾਪੁਰਖਾਂ ਦੇ ਚਿਤਰ ਅਤੇ ਬੁਧੀ ਜੀਵੀਆਂ ਦੇ ਚਿੱਤਰ ਅਤੇ ਟਿਪੜਿਆਂ ਪੜ੍ਹ ਸਕੋਗੇ।

ਕ੍ਰਿਪਾ ਕਰਕੇ ਆਪ ਜੀ ਸਿੱਖ ਮਿਅਉਜਿਯਮ ਤੇ ਜ਼ਰੂਰੀ ਕਿਲੀਕ ਕਰੋਜੀ।

1. ਜੇਕਰ ਕੋਈ ਇਸ ਨੂੰ ਦੁਬਾਰਾ ਪ੍ਰਕਾਸ਼ਿਤ ਕਰਵਾਣਾ ਚਾਹੇ ਤਾਂ ਉਹ ਇਸ ਨੂੰ ਮੁਫ਼ਤ ਵੰਡ ਸਕਦਾ ਹੈ।
2. यदि कोई इसे पुनः प्रकाशित करवाना चाहे तो वह निःशुल्क बटवा सकता है।